**Exam. Code : 103203**
**Subject Code : 1100**

## B.A./B.Sc. 3rd Semester

## PUNJABI ELECTIVE

Time Allowed—3 Hours] [Maximum Marks—100

**ਨੋਟ:–** ਸਾਫ ਅਤੇ ਸਪਸ਼ਟ ਲਿਖੋ।

1. (ੳ) ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ **ਦੋ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(i) ਅਬ ਲਗਨ ਲਗੀ ਕਿਆ ਕਰੀਏ
ਨਾਂਹ ਜੀ ਸਕੀਏ ਨਾ ਮਰੀਏ
ਤੁਮ ਸੁਣੋ ਹਮਾਰੇ ਬੈਨਾ
ਮੁਹਿ ਰਾਤ ਦਿਨੇ ਨਹੀਂ ਚੈਨਾ
ਹੁਣ ਪੀਆ ਬਿਨ ਪਲਕ ਨਾ ਸਰੀਏ
ਅਬ ਲਗਨ ਲਗੀ ਕਿਆ ਕਰੀਏ

(ii) ਦੋ ਦੋ ਦੀਪਕ ਬਾਲ ਮਹੱਲ ਮੈ ਸੋਵਤੇ
ਪਰ ਨਾਰੀ ਕਾ ਸੰਗ ਪਲਕ ਨਹੀਂ ਖੋਵਤੇ
ਚੋਆ ਚੰਦਨ ਲਾਇਕਿ ਦੇਹੀ ਚਾਮ ਕੀ
ਵਜੀਦਾ ਗਰਦ ਮਰਦ ਹੋਇ ਜਾਹਿ, ਦੁਹਾਈ ਰਾਮ ਕੀ।

(iii) ਮੈਨੂੰ ਬਾਬਲ ਦੀ ਸਹੁੰ ਹੈ ਰਾਂਝਣਾ ਵੇ, ਮਰੇ ਮਾਉਂ ਜੇ ਤੁਧ ਥੀਂ ਮੁਖ ਮੋੜਾਂ
ਤੇਰੇ ਬਾਝ ਤਾਂ ਤਾਮ ਹਰਾਮ ਮੈਨੂੰ, ਤੁਧ ਬਾਝ ਨਾ ਨੈਣ ਨਾਲ ਨੈਣ ਜੋੜਾਂ
ਖ੍ਵਾਜਾ ਖਿਜਰ ਤੇ ਬੈਠਕੇ ਕਸਮ ਖਾਧੀ, ਥੀਵਾਂ ਸੂਰ ਜੇ ਪ੍ਰੀਤ ਦੀ ਰੀਤ ਤੋੜਾਂ
ਕੋੜ੍ਹੀ ਹੋਇ ਕੇ ਨੈਣ ਪੁਰਾਣ ਜਾਵਣ, ਤੇਰੇ ਬਾਝ ਜੇ ਮੁਣਸ ਮੈਂ ਹੋਰ ਲੋੜਾਂ।

(iv) ਦਿੱਲੀ ਨੂੰ ਗਰਮੀ ਖਿਲਬਲੀ, ਸੁਣ ਕਟਕ ਤੂਫਾਨੀ
ਤੇ ਸੱਦ ਅਮੀਰਾਂ ਨੂੰ ਆਖਦੀ ਮਲਕਾਂ ਜਮਾਨੀ
ਤੁਸੀਂ ਮਾਰੂਫੀ ਓਜਦ ਦੇ ਉਮਰਾ ਤੂਰਾਨੀ
ਲੈ ਮਨਸਬ ਤੁਰੇ ਹੰਢਾਵਦੇ ਵਰ ਹੁਸਨ ਜਵਾਨੀ
ਇਕੋ ਜੇਡਾ ਇਕ ਹਾਣ ਬਲ ਰੁਸਤਮ ਸਾਨੀ
ਦਾੜ੍ਹੀ ਤੇ ਦਸਤਾਰ ਦੀ ਇਕ ਮਰਦ ਨਿਸ਼ਾਨੀ।

10×2=20

(ਅ) ਮੱਧਕਾਲੀ ਪੰਜਾਬੀ ਕਾਵਿ ਸੰਗ੍ਰਹਿ ਵਿੱਚ ਦਰਜ ਵਾਰਸ ਦੀ ਰਚਨਾ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

ਕਵੀ ਵਜੀਦ ਦੇ ਜੀਵਨ ਅਤੇ ਰਚਨਾ ਸੰਬੰਧੀ ਜਾਣਕਾਰੀ ਦਿਉ। 10

(ੲ) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ **ਪੰਜ** ਦੇ ਉੱਤਰ ਦਿਉ :

(i) ਬੁਲ੍ਹੇ ਸ਼ਾਹ ਕਿਸ ਦਾ ਖੰਡਨ ਕਰਦਾ ਹੈ ?
(ੳ) ਇਸ਼ਕ ਦਾ (ਅ) ਧਰਮ ਦਾ
(ੲ) ਸ਼ਰ੍ਹਾ ਦਾ (ਸ) ਮੁਰਸ਼ਦ ਦਾ

(ii) ਰਾਂਝਾ ਹੀਰ ਦੇ ਸਹੁਰੇ ਘਰ ਕਿਸ ਭੇਸ ਵਿੱਚ ਜਾਂਦਾ ਹੈ ?
(ੳ) ਫਕੀਰ ਦੇ (ਅ) ਬਾਪੂ ਦੇ
(ੲ) ਜੋਗੀ ਦੇ (ਸ) ਸਿਪਾਹੀ ਦੇ

(iii) ਸਿਕੰਦਰ ਬਾਦਸ਼ਾਹ ਕੀ ਢੂੰਡਦਾ ਹੈ ?
(ੳ) ਆਬਿਹਯਾਤ (ਅੰਮ੍ਰਿਤ) (ਅ) ਗੰਗਾ ਜਲ
(ੲ) ਜ਼ਹਿਰ (ਸ) ਹੀਰੇ

(iv) ਮਹਾਰਾਜਾ ਸ਼ੇਰ ਸਿੰਘ ਨੂੰ ਕਿਸਨੇ ਮਾਰਿਆ ?
(ੳ) ਅਜੀਤ ਸਿੰਘ ਨੇ (ਅ) ਚੰਦ ਕੌਰ ਨੇ
(ੲ) ਚੇਤ ਸਿੰਘ ਨੇ (ਸ) ਧਿਆਨ ਸਿੰਘ ਨੇ

(v) ਪੂਰਨ ਕਿੰਨੇ ਸਾਲ ਭੋਰੇ ਵਿੱਚ ਰਿਹਾ ?

(ੳ) 12 (ਅ) 10

(ੲ) 14 (ਸ) 20

(vi) ਚੇਤ ਸਿੰਘ ਦੇ ਮਰਨ 'ਤੇ ਕੌਣ ਦੁਖੀ ਹੋਇਆ ?

(ੳ) ਮਹਾਰਾਜਾ ਰਣਜੀਤ ਸਿੰਘ

(ਅ) ਮਹਾਰਾਜਾ ਖੜਕ ਸਿੰਘ

(ੲ) ਮਹਾਰਾਜਾ ਸ਼ੇਰ ਸਿੰਘ

(ਸ) ਮਹਾਰਾਜਾ ਦਲੀਪ ਸਿੰਘ

(vii) ਬੁੱਲ੍ਹੇ ਸ਼ਾਹ ਤੇ ਵਜੀਦ ਕਿਸ ਧਾਰਾ ਦੇ ਕਵੀ ਹਨ ?

(ੳ) ਸੂਫੀ (ਅ) ਗੁਰਮਤ

(ੲ) ਕਿੱਸਾ (ਸ) ਵੀਰ 2×5=10

2. 'ਝੁਮਕੇ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

'ਇਕ ਸਾਧਾਰਨ ਆਦਮੀ' ਦੇ ਆਧਾਰ ਤੇ ਸੰਤੋਖ ਸਿੰਘ ਧੀਰ ਦੀ ਕਹਾਣੀ ਕਲਾ ਤੇ ਨੋਟ ਲਿਖੋ। 20

3. 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾ' ਨਿਬੰਧ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

'ਪੁਤਲੀਆਂ ਦਾ ਤਮਾਸ਼ਾ' ਨਿਬੰਧ ਦਾ ਸਾਰ ਲਿਖੋ। 20

4. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ **ਚਾਰ** ਦੇ ਸੰਖੇਪ ਉੱਤਰ ਦਿਉ :

(i) ਪ੍ਰਤਿ ਸਭਿਆਚਾਰ ਬਾਰੇ ਤੁਸੀਂ ਕੀ ਜਾਣਦੇ ਹੋ ?

(ii) ਪਾਸ਼ ਪ੍ਰਚਲਿਤ ਲੋਕ ਗੀਤਾਂ ਦੇ ਅਰਥਾਂ ਨੂੰ ਕਿਉਂ ਉਲਟਾ ਦਿੰਦਾ ਹੈ ?

(iii) ਪੁਰਾਣੇ ਜ਼ਮਾਨੇ ਵਿੱਚ ਲੋਕਾਂ ਨੂੰ ਛਿੰਝਾਂ ਦਾ ਕਿੰਨਾ ਕੁ ਚਾਅ ਸੀ ?

(iv) ਧੂਣੀ ਗਰਮਾਉਣ ਦਾ ਮਹੱਤਵ ਕੀ ਹੁੰਦਾ ਹੈ ?

(v) ਪੰਜਾਬੀ ਬੁਝਾਰਤਾਂ ਦੀਆਂ ਸਾਂਝੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ।

(vi) ਭੰਡਾਂ ਦੀ ਭੰਡੀ ਵਿੱਚ ਮੀਡੀਏ ਦੇ ਕਿਨ੍ਹਾਂ ਸਾਧਨਾਂ ਦਾ ਵਰਣਨ ਮਿਲਦਾ ਹੈ ? 20


http://www.gnduonline.com